# ਸਲੋਵਾਕੀਆ ਏਅਰ ਲਾਈਨਜ਼ ਦੀ ਫਲਾਈਟ ਰੱਦ ਹੋਣ ਕਾਰਨ ਲੋਕਾਂ ਨੇ ਕੀਤਾ ਪ੍ਰਦਰਸ਼ਨ

☛ ਸਿਵਲ ਵਰਦੀ 'ਚ ਆਏ ਹੌਲਦਾਰ ਨੇ ਲੋਕਾਂ 'ਤੇ ਫੋਕਾ ਰੋਹਬ ਝਾੜਿਆ ☛ ਪੁਲੀਸ ਵੱਲੋਂ ਭੰਨ-ਤੋੜ ਕਰਨ 'ਤੇ ਹੌਲਦਾਰ ਨੂੰ ਕੁੱਟਣ ਦੇ ਦੋਸ਼ 'ਚ 15 ਵਿਰੁੱਧ ਕੇਸ ਦਰਜ





ਜਲੰਧਰ-ਫਲਾਈਟ ਰੱਦ ਹੋਣ ਨਾਲ ਗੁੱਸੇ ਵਿੱਚ ਆਏ ਲੋਕਾਂ ਨੇ ਏਅਰਲਾਈਨ ਦੇ ਦਫ਼ਤਰ ਦੇ ਬਾਹਰ ਡੱਟ ਕੇ ਪ੍ਰਦਰਸ਼ਨ ਕੀਤਾ ਤੇ ਜਦ ਪ੍ਰਦਰਸ਼ਨਕਾਰੀਆਂ ਨੂੰ ਸਿਵਲ ਵਰਦੀ ਵਿੱਚ ਸੀ. ਆਈ. ਏ. ਸਟਾਫ ਦੇ ਪੁਲੀਸ ਦੇ ਹੌਲਦਾਰ ਨੇ ਆ ਕੇ ਰੋਕਿਆ, ਤਾਂ ਉਕਤ ਲੋਕਾਂ ਨੂੰ ਹੌਲਦਾਰ ਨੂੰ ਵੀ ਦੌੜਾ-ਦੌੜਾ ਕੇ ਕੁੱਟਿਆ, ਜਿਸ 'ਤੇ ਪਰਮਜੀਤ ਨੇ ਉੱਥੋਂ ਦੌੜ ਕੇ ਜਾਨ ਬਚਾਈ। ਮਿਲੀ ਜਾਣਕਾਰੀ ਅਨੁਸਾਰ ਬਰਮਿੰਦਰ ਸਿੰਘ ਨਿਵਾਸੀ ਬੜਿੰਗ, ਮੇਜਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਨੌਜਵਾਨਾਂ ਨੇ ਦੱਸਿਆ ਕਿ ਉਹ ਕੁਝ ਸਮਾਂ ਪਹਿਲਾਂ ਹੀ ਵਿਦੇਸ਼ ਤੋਂ ਆਏ ਸਨ, ਜਿਨ੍ਹਾਂ ਕੋਲ ਦੀਆਂ 2 ਮਾਰਚ ਦੀਆਂ ਵਾਪਸ ਜਾਣ ਦੀਆਂ ਟਿਕਟਾਂ ਸਨ ਅਤੇ ਉਹ 2 ਮਾਰਚ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਗਏ, ਤਾਂ ਉੱਥੇ ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਫਲਾਈਟ 2 ਘੰਟੇ ਲੇਟ ਹੈ ਤੇ ਬਾਅਦ ਵਿੱਚ ਕਿਹਾ ਗਿਆ ਫਲਾਈਟ ਰੱਦ ਹੋ ਚੁੱਕੀ ਹੈ, ਜਿਸ 'ਤੇ ਉਨ੍ਹਾਂ ਨੇ ਆਪਣੀਆਂ ਟਿਕਟਾਂ ਦੇ ਪੈਸੇ ਵਾਪਸ ਮੰਗੇ ਤਾਂ ਉਨ੍ਹਾਂ ਨੇ ਉਸ ਨੂੰ ਜਲੰਧਰ ਵਿੱਚ ਸਲੋਵਾਕੀਆ ਏਅਰਲਾਈਨ ਦੇ ਦਫ਼ਤਰ ਜਾਣ ਨੂੰ ਕਿਹਾ, ਜਿਸ 'ਤੇ ਉਹ ਏਅਰਲਾਈਨ ਦੇ ਦਫ਼ਤਰ ਵਿੱਚ ਆਏ, ਤਾਂ ਦਫ਼ਤਰ ਦੇ ਮੁਲਾਜ਼ਮ ਦਫ਼ਤਰ ਬੰਦ ਕਰਕੇ ਬਾਹਰ ਇੱਕ ਫ਼ੋਨ ਨੰਬਰ ਲਿਖ ਕੇ ਚਲੇ ਗਏ। ਉਕਤ ਲੋਕਾਂ ਨੇ ਦਫ਼ਤਰ ਦੇ ਬਾਹਰ ਲਿਖੇ ਨੰਬਰ 'ਤੇ ਫ਼ੋਨ ਕੀਤਾ, ਜਿਸ 'ਤੇ ਦਫ਼ਤਰ ਦਾ ਇੱਕ ਮੁਲਾਜ਼ਮ ਉੱਥੇ ਆਇਆ, ਜਿਸ ਦੇ ਆਉਂਦਿਆਂ ਹੀ ਉਕਤ ਲੋਕਾਂ ਨੇ ਉਸ ਤੋਂ ਟਿਕਟਾਂ ਦੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਇਸ ਗੱਲ ਤੋਂ ਉੱਥੇ ਆਇਆ ਪੁਲੀਸ ਮੁਲਾਜ਼ਮ ਲੋਕਾਂ ਨਾਲ ਉਲਝ ਪਿਆ, ਜਿਸ ਤੋਂ ਗੁੱਸੇ ਵਿੱਚ ਆਏ ਲੋਕਾਂ ਨੇ ਪੁਲੀਸ ਮੁਲਾਜ਼ਮਾਂ ਨੂੰ ਉੱਥੇ ਏਅਰਲਾਈਨ ਦੇ ਦਫ਼ਤਰ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੇ ਉੱਥੋਂ ਭੱਜ ਕੇ ਜਾਨ ਬਚਾਈ, ਜਿਸ ਦੀ ਸ਼ਿਕਾਇਤ ਉਕਤ ਲੋਕਾਂ ਨੇ ਬੱਸ ਸਟੈਂਡ ਚੌਕੀ ਦੀ ਪੁਲੀਸ ਨੂੰ ਦਿੱਤੀ। ਉਕਤ ਲੋਕਾਂ ਨੇ ਦੱਸਿਆ ਕਿ ਦਫ਼ਤਰ ਦੇ ਮੁਲਾਜ਼ਮ ਦੇ ਹੱਕ ਵਿੱਚ ਆਏ ਸਿਵਲ ਵਰਦੀ ਵਿੱਚ ਮੁਲਾਜ਼ਮ ਨੇ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਸੀ, ਜੋ ਖ਼ੁਦ ਨੂੰ ਪੁਲੀਸ ਮੁਲਾਜ਼ਮ ਦੱਸ ਰਿਹਾ ਸੀ। ਦੂਸਰੇ ਪਾਸੇ ਚੌਂਕੀ ਇੰਚਾਰਜ ਨਰੇਸ਼ ਜੋਸ਼ੀ ਨੇ ਦੱਸਿਆ ਕਿ ਜਿਸ ਪੁਲੀਸ ਮੁਲਾਜ਼ਮ ਨੂੰ ਉਕਤ ਲੋਕਾਂ ਨੇ ਕੁੱਟਿਆ ਹੈ, ਉਹ ਮੁਲਾਜ਼ਮ ਸੀ. ਆਈ. ਏ. ਸਟਾਫ਼ 'ਚ ਹਵਲਦਾਰ ਹੈ, ਜਿਸ ਦਾ ਮੁੰਡਾ ਸਲੋਵਾਕੀਆ ਏਅਰਲਾਈਨਜ਼ ਵਿੱਚ ਕੰਮ ਕਰਦਾ ਸੀ, ਜਿਸ ਨੂੰ ਦਫ਼ਤਰ ਉਹ ਲੈਣ ਗਿਆ ਸੀ, ਤਾਂ ਉਕਤ ਲੋਕਾਂ ਨੇ ਉਸ ਨੂੰ ਕੁੱਟ ਦਿੱਤਾ।

ਹੌਲਦਾਰ ਪਰਮਜੀਤ ਸਿੰਘ ਨਾਲ ਕੁੱਟਮਾਰ ਕਰਨ ਵਾਲੇ ਕਰੀਬ 15 ਨੌਜਵਾਨਾਂ ਖ਼ਿਲਾਫ਼ ਪੁਲੀਸ ਨੇ ਮਾਮਲਾ ਦਰਜ ਕਰ ਦਿੱਤਾ ਹੈ। ਸਲੋਵਾਕੀਆ ਏਅਰਲਾਈਨਜ਼ ਦੇ ਮੈਨੇਜਰ ਗੁਰਚਰਨਜੀਤ ਸਿੰਘ ਨੇ ਬੱਸ ਸਟੈਂਡ ਚੌਕੀ ਦੀ ਪੁਲੀਸ ਨੂੰ ਸ਼ਿਕਾਇਤ ਦਿੱਤੀ ਕਿ ਉਨ੍ਹਾਂ ਕੋਲੋਂ ਜੋ ਟਿਕਟਾਂ ਵਿਕੀਆਂ ਸੀ, ਉਨ੍ਹਾਂ ਟਿਕਟਾਂ ਦੇ ਪੈਸੇ ਉਨ੍ਹਾਂ ਨੇ ਫਲਾਈਟ ਰੱਦ ਹੋਣ ਦੇ ਬਾਅਦ ਵਾਪਸ ਕਰ ਦਿੱਤੇ ਸੀ ਅਤੇ ਅੱਜ ਜੋ ਲੋਕ ਆਏ, ਉਨ੍ਹਾਂ ਨੂੰ ਪੈਸੇ ਰਿਫੰਡ ਲੈਣ ਲਈ ਉਨ੍ਹਾਂ ਨੇ ਮੁੱਖ ਦਫ਼ਤਰ 'ਚ ਜਾਣ ਨੂੰ ਕਿਹਾ ਸੀ, ਪਰ ਉਕਤ ਲੋਕਾਂ ਨੇ ਉਨ੍ਹਾਂ ਦੇ ਦਫ਼ਤਰ ਵਿੱਚ ਜੰਮ ਕੇ ਭੰਨ-ਤੋੜ ਕੀਤੀ।

ਦੂਜੇ ਪਾਸੇ ਸੀ. ਆਈ. ਏ. ਸਟਾਫ਼ ਦੇ ਹੌਲਦਾਰ ਪਰਮਜੀਤ ਸਿੰਘ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ ਕਿ ਉਕਤ ਏਅਰਲਾਈਨਜ਼ ਵਿੱਚ ਉਨ੍ਹਾਂ ਦਾ ਪੁੱਤਰ ਨੌਕਰੀ ਕਰਦਾ ਹੈ, ਜਿਸ ਨੂੰ ਉਹ ਲੈਣ ਗਏ, ਤਾਂ ਉੱਥੇ ਹੰਗਾਮਾ ਕਰਨ ਵਾਲੇ ਲੋਕਾਂ ਨੇ ਉਸ ਨੂੰ ਵੀ ਕੁੱਟ ਦਿੱਤਾ। ਗੁਰਚਰਨਪ੍ਰੀਤ ਅਤੇ ਪਰਮਜੀਤ ਦੀ ਸ਼ਿਕਾਇਤ 'ਤੇ ਬੱਸ ਸਟੈਂਡ ਚੌਕੀ ਦੀ ਪੁਲੀਸ ਨੇ 15 ਲੋਕਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਸ੍ਰੀ ਹਜ਼ੂਰ ਸਾਹਿਬ ਨੂੰ 'ਗਰੀਨ ਸਿਟੀ' ਵਜੋਂ ਵਿਕਸਿਤ ਕੀਤਾ ਜਾਵੇਗਾ-ਚਵਾਨ



ਨਾਂਦੇੜ-ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹਜ਼ੂਰ ਸਾਹਿਬ, ਨਾਂਦੇੜ ਦੀ ਪਵਿੱਤਰ ਧਰਤੀ ਨੂੰ ਹੋਰ ਸੁੰਦਰ ਬਣਾਉਣ ਲਈ ਅਤੇ ਹਰਿਆ-ਭਰਿਆ ਕਰਨ ਲਈ 'ਗਰੀਨ ਸਿਟੀ' ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹੋਲੇ ਮਹੱਲੇ ਦੇ ਸੰਬੰਧ 'ਚ ਗੁਰਦੁਆਰਾ ਲੰਗਰ ਸਾਹਿਬ ਦੇ ਵਿਸ਼ਾਲ ਪੰਡਾਲ 'ਚ ਜੁੜੀਆਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਰਾਓ ਚਵਾਨ ਨੇ ਕੀਤਾ।

ਮੁੱਖ ਮੰਤਰੀ ਚਵਾਨ ਨੇ ਕਿਹਾ ਕਿ ਗੁਰਦੁਆਰਾ ਲੰਗਰ ਸਾਹਿਬ, ਡੇਰਾ ਬਾਬਾ ਨਿਧਾਨ ਸਿੰਘ (ਨਾਂਦੇੜ) ਪਿਛਲੇ 4 ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਦੇ ਨਾਲ-ਨਾਲ ਗੁਰੂਘਰਾਂ, ਸੜਕਾਂ, ਪੁਲਾਂ, ਲੰਗਰ ਆਦਿ ਦੀ ਸੇਵਾ ਭਾਰਤ ਭਰ 'ਚ ਵੱਡੀ ਪੱਧਰ 'ਤੇ ਕਰ ਰਿਹਾ ਹੈ।

ਚਵਾਨ ਨੇ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਨੂੰ 'ਗਰੀਨ ਸਿਟੀ' ਬਣਾਇਆ ਜਾ ਰਿਹਾ ਹੈ, ਜਿਸ ਦੀ ਕਾਰ ਸੇਵਾ ਸੰਤ ਬਾਬਾ ਨਰਿੰਦਰ ਸਿੰਘ 'ਮੁਖੀ' ਗੁਰਦੁਆਰਾ ਲੰਗਰ ਸਾਹਿਬ ਅਤੇ ਜਥੇਦਾਰ ਬਾਬਾ ਬਲਵਿੰਦਰ ਸਿੰਘ ਨਿਭਾਉਣਗੇ।

# ਪੁਲਿਸ ਵੱਲੋਂ ਦੋਸ਼ੀ ਗ੍ਰਿਫ਼ਤਾਰ-ਵੀਰ ਸਿੰਘ ਲੋਪੋਕੇ ਸਮੇਤ 3 ਆਗੂ ਜਾਂਚ 'ਚ ਸ਼ਾਮਿਲ



ਤਖਤੂਪੁਰਾ ਕਾਂਡ 'ਚ ਫੜੇ ਦੋ ਹੋਰ ਕਾਤਲਾਂ ਬਾਰੇ ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਸੁਖਦੇਵ ਸਿੰਘ ਬਰਾੜ, ਐਸ. ਪੀ. ਜੋਸ਼ੀ ਤੇ ਹੋਰ।

ਅੰਮ੍ਰਿਤਸਰ-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸਾਧੂ ਸਿੰਘ ਤਖ਼ਤੂਪੁਰਾ ਕਤਲ ਕਾਂਡ 'ਚ ਨਾਮਜ਼ਦ ਕੀਤੇ ਕੁੱਲ 12 ਕਥਿਤ ਦੋਸ਼ੀਆਂ ਵਿੱਚੋਂ 7 ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਦ ਕਿ ਇਸੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ: ਵੀਰ ਸਿੰਘ ਲੋਪੋਕੇ ਸਮੇਤ ਤਿੰਨ ਹੋਰ ਅਕਾਲੀ ਆਗੂ ਪੁਲਿਸ ਜਾਂਚ 'ਚ ਸ਼ਾਮਲ ਕੀਤੇ ਗਏ ਹਨ। ਇਹ ਖ਼ੁਲਾਸਾ ਪੱਤਰਕਾਰ ਸੰਮੇਲਨ 'ਚ ਜ਼ਿਲ੍ਹਾ ਪੁਲਿਸ ਮੁਖੀ ਸੁਖਦੇਵ ਸਿੰਘ ਬਰਾੜ ਨੇ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਦੀ ਜਾਂਚ 'ਚ ਕਤਲ ਦੇ ਮਾਮਲੇ 'ਚ ਮੁੱਖ ਦੋਸ਼ੀ ਸਤਨਾਮ ਸਿੰਘ ਸੱਤਾ ਸਮਝਿਆ ਜਾ ਰਿਹਾ ਹੈ, ਜਿਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਕਤਲ ਦੇ ਭੇਤ ਤੋਂ ਪਰਦਾ ਚੁੱਕਿਆ ਜਾ ਸਕੇਗਾ।

# ਭਾਈ ਬਲਦੇਵ ਸਿੰਘ ਵੱਲੋਂ ਚਲਾਈ ਸਿੰਘ ਸਜੋ ਲਹਿਰ ਜੋਰਾਂ 'ਤੇ

☛ 41ਵੇਂ ਗੇੜ 'ਚ 470 ਪ੍ਰਾਣੀ ਗੁਰੂ ਵਾਲੇ ਬਣੇ ☛ ਇੰਗਲੈਂਡ ਦੀ ਕਾਰ ਸੇਵਾ ਵਾਲੀ ਮਾਤਾ ਮਹਿੰਦਰ ਕੌਰ ਨੂੰ ਸਨਮਾਨਿਤ ਕੀਤਾ



ਇਯਾਲੀ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਆਰੰਭ ਕੀਤੀ ਗਈ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਵੱਲੋਂ ਹਰ ਪਿੰਡ ਅਤੇ ਹਰ ਘਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਨੌਜਵਾਨਾਂ ਨੂੰ ਕੇਸ ਰਖਵਾ ਕੇ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਯਤਨ ਵੀ ਕੀਤੇ ਜਾ ਰਹੇ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਧਰਮ ਪ੍ਰਚਾਰ ਦੇ ਮੁਖੀ ਜਥੇਦਾਰ ਬਲਦੇਵ ਸਿੰਘ ਨੇ 41ਵੇਂ ਗੇੜ ਦੀ ਧਰਮ ਪ੍ਰਚਾਰ ਵਹੀਰ ਦੇ ਮੁੱਖ ਸਮਾਗਮ ਪਿੰਡ ਥਰੀਕੇ ਵਿਖੇ ਹਾਜ਼ਰ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਵੱਲੋਂ ਪਿਛਲੇ ਚਾਰ ਸਾਲਾਂ 'ਚ ਮੁਕਤਸਰ, ਬਠਿੰਡਾ, ਫ਼ਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਝਬਾਲ, ਦਿੱਲੀ ਅਤੇ ਹੁਣ ਲੁਧਿਆਣੇ 'ਚ ਗੁਰਮਤਿ ਸਮਾਗਮਾਂ ਅਤੇ ਅੰਮ੍ਰਿਤ ਸੰਚਾਰ ਸਮਾਗਮ ਲਗਾਤਾਰ ਆਰੰਭੇ ਜਾ ਰਹੇ ਹਨ। ਸਮਾਗਮ ਤੋਂ ਪਹਿਲਾ ਪਿੰਡ ਵਿਚ ਨਗਰ ਕੀਰਤਨ ਕੱਢਿਆ ਗਿਆ, ਜਿਸ ਦੌਰਾਨ ਜਥੇਦਾਰ ਬਲਦੇਵ ਸਿੰਘ ਵੱਲੋਂ ਬਰੂਹਾ 'ਤੇ ਖੜ੍ਹੇ ਨੌਜਵਾਨਾਂ ਨੂੰ ਕੇਸ ਗੁਰੂ ਕੀ ਮੋਹਰ ਰੱਖਣ ਅਤੇ ਅੰਮ੍ਰਿਤਪਾਨ ਕਰਨ ਲਈ ਪ੍ਰੇਰਿਤ ਕੀਤਾ।

ਇਸ ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਆਰੰਭ ਕੀਤਾ ਗਿਆ, ਜਿਥੇ ਸਚਖੰਡ ਹਰਿਮੰਦਰ ਸਾਹਿਬ ਤੋਂ ਪੁੱਜੇ ਹਜੂਰੀ ਰਾਗੀ ਭਾਈ ਹਰਪ੍ਰੀਤ ਸਿੰਘ, ਭਾਈ ਲਖਵਿੰਦਰ ਸਿੰਘ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਇਨ੍ਹਾਂ ਸਮਾਗਮਾਂ ਦੌਰਾਨ 470 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ, 1320 ਨੌਜਵਾਨਾਂ ਨੇ ਕੇਸ ਰੱਖਣ ਦਾ ਪ੍ਰਣ ਲਿਆ ਅਤੇ 100 ਨੌਜਵਾਨਾਂ ਨੂੰ ਨਸ਼ਾ ਛੱਡਣ ਲਈ ਮੁਫ਼ਤ ਇਲਾਜ ਕਰਵਾਉਣ ਦੀਆਂ ਚਿੱਠੀਆਂ ਦਿੱਤੀਆਂ ਗਈਆਂ, ਜਿਨ੍ਹਾਂ ਦਾ ਇਲਾਜ ਗੁਰੂ ਰਾਮਦਾਸ ਮੈਡੀਕਲ ਹਸਪਤਾਲ ਵੱਲੋਂ (ਅੰਮ੍ਰਿਤਸਰ) ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿਚ ਮੁਫ਼ਤ ਕੀਤਾ ਜਾਵੇਗਾ। ਸਮਾਗਮ ਦੌਰਾਨ ਯੂ.ਕੇ. ਤੋਂ ਉਚੇਚੇ ਤੌਰ 'ਤੇ ਧਰਮ ਪ੍ਰਚਾਰ ਦੇ ਸਮਾਗਮਾਂ 'ਚ ਸ਼ਾਮਲ ਹੋਣ ਪੁੱਜੇ ਬੀਬੀ ਮਹਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ।

MCP Master Construction Product Ltd.

SKIP HIRE

ਬ੍ਰਮਿੰਘਮ ਤੇ ਵਾਲਸਾਲ ਦੇ ਆਲੇ ਦੁਆਲੇ ਦੇ ਇਲਾਕੇ ਵਿਚ



ALL SIZES AVAILABLE

DOMESTIC
COMMERCIAL
INDUSTRIAL

ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ

0121 777 5557

9 PENTOS DRIVE, TYSELEY, B'HAM B11 3TA